ਗੁਰੂ ਨਾਨਕ - ਸਬਦ ੨

ਆਦਿ ਸਚੁ ਜੁਗਾਦਿ ਸਚੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੧

॥ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਸਾਰ: ਪਰਮ ਸੱਚ ਕਾਇਨਾਤ ਵਿੱਚ ਵਿਚਰੀ ਪੂਰਨ ਏਕਤਾ ਦੀ ਚੇਤਨਾ ਹੈ ਜੋ ਬਿਨਾਂ ਕਿਸੇ ਠੋਸ ਪਦਾਰਥ, ਅਸ਼ਪਰਸ ਪੁਲਾੜ, ਅਤੇ ਮਾਪਣਯੋਗ ਰੇਖਿਕ ਸਮੇਂ ਨਾਲ ਇਕਜੁਟ ਹੋ ਸਮੂਹਿਕ ਰੂਪ ਵਿੱਚ ਹਕੀਕਤ ਦਾ ਨਿਰਮਾਣ ਕਰਦੀ ਹੈ, ਸ੍ਰਿਸ਼ਟੀ ਦਾ ਦਿਸਦਾ ਵਰਤਾਰਾ, ਖ਼ਲਾਅ ਤੋਂ ਇਲਾਵਾ ਕੁਝ ਵੀ ਨਹੀਂ ਹੈ, ਅਤੇ ਖ਼ਲਾਅ ਇੱਕ ਰੂਪ ਤੋਂ ਇਲਾਵਾ ਕੁਝ ਨਹੀਂ ਹੈ ਜੋ ਅਤੀਤ ਵਿੱਚ ਮੌਜੂਦ ਸੀ ਅਤੇ ਭਵਿੱਖ ਵਿੱਚ ਵੀ ਮੌਜੂਦ ਰਹੇਗਾ। ਇਹ ਜਾਗਰੂਕਤਾ ਜਾਂ ਚੇਤਨਾ ਇਹ ਯਾਦ ਦਿਵਾਉਂਦੀ ਹੈ ਕਿ ਪਰਮ ਸੱਚ ਸਦੀਵੀ ਹੈ।

॥ਜਪੁ ॥
ਜਪੁ (ਚਿੰਤਨ)

ਹਕੀਕਤ ਜੋ ਅੰਤਰੀਵੀ ਤੌਰ 'ਤੇ ਜਾਣੂ ਸੀ ਪਰ ਵਿਸਰ ਚੁੱਕੀ ਸੀ ਉਸ ਨੂੰ ਪੂਰੀ ਦ੍ਰਿੜਤਾ ਨਾਲ ਵਿਚਾਰਨ ਲਈ ਇਕ ਤਾਕੀਦ।

ਆਦਿ ਸਚੁ ਜੁਗਾਦਿ ਸਚੁ ॥
ਆਦਿ (ਪ੍ਰਾਥਮਿਕ), ਸਚੁ (ਸਦੀਵੀ), ਜੁਗਾਦਿ (ਜੁਗਾਂ)

ਅਣਡਿਠ ਸਰਬ-ਵਿਆਪਕ ਊਰਜਾ ਦੀ ਅਖੰਡ ਹਾਜ਼ਰ-ਨਾਜ਼ਰਤਾ ਸਾਰੀ ਸ੍ਰਿਸ਼ਟੀ ਦਾ ਮੂਲ ਸਰੋਤ ਹੈ; ਇਹ ਸਦੀਵੀ ਸੱਚ ਹੈ।

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥
ਹੈ ਭੀ (ਇਹ ਹੈ) ਸਚੁ (ਸਤਿ) ਭੀ ਸਚੁ (ਇਹ ਰਹੇਗਾ)

ਨਾਨਕ ਫਰਮਾਉਂਦੇ ਹਨ ਕਿ ਇਹ ਸੱਚ ਵਰਤਮਾਨ ਵਿੱਚ ਹੈ ਅਤੇ ਭਵਿੱਖ ਵਿੱਚ ਵੀ ਰਹੇਗਾ। (੧)

ਤੱਤ: ਗੁਰੂ ਨਾਨਕ ਆਖਦੇ ਹਨ ਕਿ ਹੋਂਦ ਦੀ ਹਕੀਕਤ ਨੂੰ ਜਾਣਨਾ ਮਨੁੱਖੀ ਸੁਭਾਅ ਦੇ ਅੰਤਰੀਵ ਵਿੱਚ ਹੈ। ਸਾਡੇ ਆਲੇ ਦੁਆਲੇ ਮੌਜੂਦ ਪਦਾਰਥ ਵਿਚ ਮਨ ਦੀ ਭਾਗੇਦਾਰੀ ਹਕੀਕਤ ਵਜੋ ਬਿਆਨ ਕੀਤੀ ਜਾ ਸਕਦੀ ਹੈ। ਪਰ, ਵਿਚਾਰਾਂ ਦੁਆਰਾ ਅਨੁਭਵ ਕੀਤੀ ਗਈ ਅਸਲੀਅਤ ਦੀ ਧਾਰਨਾ ਤੋਂ ਪਰੇ, ਜਦੋਂ ਮਨ ਵਿਚਾਰਸ਼ੀਲ ਹੁੰਦਾ ਹੈ, ਤਾਂ ਉਹ ਸਦੀਵੀ ਅੰਦਰ ਵਿਦਮਾਨ ਸਰਵ ਵਿਆਪਕ ਚੇਤਨਾ ਦੀ ਏਕਤਾ ਦੇ ਸਚ ਵੱਲ ਸੇਧਿਤ ਹੋ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**